# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/84-14 ਅ-3(8) ( ਕੋ:ਸੈਲ-2)
ਮਿਤੀ, ਐਸ.ਏ.ਐਸ.ਨਗਰ :- 24-04-15

ਸ੍ਰੀ ਕਿਸ਼ੋਰ ਸਿੰਘ, ਸਾਇੰਸ ਮਾਸਟਰ, ਸ.ਸ.ਸ.ਸ ਲਾਧੂਕਾ, ਜ਼ਿਲ੍ਹਾ ਫਿਰੋਜ਼ਪੁਰ ਮਿਤੀ 02-12-1996 ਤੋਂ ਗੈਰ-ਹਾਜ਼ਰ ਹੈ। ਇਸ ਕਰਮਚਾਰੀ ਦੀ ਜਨਮ ਮਿਤੀ 03-01-1952 ਹੈ ਅਤੇ ਮਿਤੀ 31-01-2010 ਨੂੰ ਇਹ ਕਰਮਚਾਰੀ in-absentia ਰਿਟਾਇਰ ਹੋ ਚੁੱਕਾ ਹੈ। ਰਿਟਾਇਰਮੈਂਟ ਉਪਰੰਤ ਇਸ ਵਲੋਂ ਭੇਜੀ ਗਈ ਪ੍ਰਤੀ ਬੇਨਤੀ, ਜੋ ਇਸ ਦਫਤਰ ਵਿਖੇ ਮਿਤੀ 18-11-2014 ਨੂੰ ਪ੍ਰਾਪਤ ਹੋਈ ਅਤੇ ਜਿਸ ਵਿਚ ਇਸ ਨੇ ਮਿਤੀ 30-11-96 ਤੋਂ ਆਪਣਾ ਅਸਤੀਫਾ ਮੰਜੂਰ ਕਰਨ ਬਾਰੇ ਲਿਖਿਆ ਹੈ, ਇਸ ਸਟੇਜ ਤੇ ਵਿਚਾਰੀ ਨਹੀਂ ਜਾ ਸਕਦੀ।

ਮਾਂਨਯੋਗ ਸੁਪਰੀਮ ਕੋਰਟ ਆਫ ਇੰਡੀਆਵੱਲੋ ਵੱਖ ਵੱਖ ਸਮੇ ਤੇ ਦਿੱਤੀਆਂ ਜਜਮੈਂਟਸ ਅਤੇ ਵਿਸ਼ੇਸ਼ ਤੌਰ ਤੇ Jeewan Lal Ltd. Calcutta Vs its Workmen AIR 1961 SC 1567 ਵਿੱਚ ਦਿੱਤੇ ਫੈਸਲੇ ਅਨੁਸਾਰ:-

"If an employee continues to be absent from duty without obtaining leave and in an unauthorized manner for such a long period of time that an inference may reasonably be drawn from such absence that by his absence he has abandoned service, then such long unauthorized absence may legitimately be held to cause a break in the continuity of service."

ਸੁਪਰੀਮ ਕੋਰਟ ਦੀ ਉਕਤ ਦਿੱਤੀ ਜੱਜਮੈਂਟ ਦੀ ਰੌਸ਼ਨੀ ਵਿਚ ਸਾਫ ਹੈ ਕਿ ਸ੍ਰੀ ਕਿਸ਼ੋਰ ਸਿੰਘ, ਸਾਇੰਸ ਮਾਸਟਰ, ਸ.ਸ.ਸ.ਸ ਲਾਧੂਕਾ, ਜ਼ਿਲ੍ਹਾ ਫਿਰੋਜ਼ਪੁਰ ਆਪਣੀਆਂ ਸੇਵਾਵਾਂ abondon ਕਰ ਗਿਆ ਸੀ ਅਤੇ ਸਰਕਾਰੀ ਸੇਵਾ ਦੇ ਲਾਭ ਲੈਣ ਦੇ ਮੰਤਵ ਨਾਲ ਇਸ ਵਲੋਂ in-absentia retire ਹੋ ਜਾਣ ਦੇ ਬਾਵਜੂਦ ਵੀ ਆਪਣੇ ਅਸਤੀਫੇ ਦੀ ਮੰਜੂਰੀ ਬਾਰੇ ਬੇਨਤੀ ਕੀਤੀ ਗਈ ਜੋ ਕਿ ਮੰਜੂਰ ਨਹੀਂ ਕੀਤੀ ਜਾ ਸਕਦੀ । ਕੁਦਰਤੀ ਨਿਆਂ ਦੇ ਪੱਖ ਤੋਂ ਇਸ ਨੂੰ ਨਿੱਜੀ ਸੁਣਵਾਈ ਦਾ ਮੌਕਾ ਵੀ ਦਿੱਤਾ ਜਾ ਚੁੱਕਾ ਹੈ। ਕਮਰਚਾਰੀ ਨੇ ਖੁਦ ਹਾਜ਼ਰ ਨਾ ਹੋ ਕੇ ਉਸ ਵਲੋਂ ਆਪਣੇ ਨੁਮਾਇੰਦੇ ਸ੍ਰੀ ਮੋਹਨ ਲਾਲ ਵਾਲੀਆ, ਮਕਾਨ ਨੰ: 377, ਪਿੰਡ ਕੁਰਾਲੀ, ਜ਼ਿਲ੍ਹਾ ਮੋਹਾਲੀ ਰਾਹੀਂ ਪ੍ਰਤੀ ਬੇਨਤੀ ਭੇਜਕੇ ਸੂਚਿਤ ਕੀਤਾ ਹੈ ਕਿ ਉਹ ਵਿਦੇਸ਼ ਵਿਚ ਹੈ ਅਤੇ ਨਿੱਜੀ ਤੌਰ ਤੇ ਹਾਜ਼ਰ ਨਹੀਂ ਹੋ ਸਕਦਾ। ਉਸ ਵਲੋਂ ਇਹ ਵੀ ਲਿਖਿਆ ਗਿਆ ਹੈ ਕਿ ਉਹ ਡਿਊਟੀ ਤੇ ਹਾਜ਼ਰ ਨਹੀਂ ਹੋਣਾ ਚਾਹੁੰਦਾ, ਨਾ ਹੀ ਭਵਿੱਖ ਵਿੱਚ ਹਾਜ਼ਰ ਹੋਣ ਦੀ ਇੱਛਾ ਰੱਖਦਾ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਉਪਰੋਕਤ ਦਰਸਾਏ ਤੱਥਾਂ ਦੇ ਸਨਮੁੱਖ ਸ੍ਰੀ ਕਿਸ਼ੋਰ ਸਿੰਘ, ਸਾਇੰਸ ਮਾਸਟਰ, ਸ.ਸ.ਸ.ਸ ਲਾਧੂਕਾ, ਜ਼ਿਲ੍ਹਾ ਫਿਰੋਜ਼ਪੁਰ ਦੇ ਮਿਤੀ 02-12-1996 ਤੋਂ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਅਤੇ In-absentia ਮਿਤੀ 31-01-2010 ਨੂੰ ਰਿਟਾਇਰ ਹੋ ਜਾਣ ਕਾਰਨ ਇਸ ਦੀਆਂ ਸੇਵਾਵਾਂ ਸੀ.ਐਸ.ਆਰ ਵਾਲਿਉਮ 2 ਦੇ ਨਿਯਮ 3.17 ਏ-2 ਤਹਿਤ ਫਾਰਫੀਟ (forfeit) ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ), ਪੰਜਾਬ

ਪਿਠ ਅੰਕਣ ਨੰ: ਉਕਤ / 8867-70 ਮਿਤੀ, ਐਸ.ਏ.ਐਸ.ਨਗਰ : 05-05-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲੱਬਧ ਕਰਵਾਈ ਜਾਵੇ।
3. ਪ੍ਰਿੰਸੀਪਲ, ਸ.ਸ.ਸ.ਸ ਲਾਧੂਕਾ, ਜ਼ਿਲ੍ਹਾ ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀ ਕਿਸ਼ੋਰ ਸਿੰਘ, ਸਾਇੰਸ ਮਾਸਟਰ, ਸ.ਸ.ਸ.ਸ ਲਾਧੂਕਾ, ਜ਼ਿਲ੍ਹਾ ਫਿਰੋਜ਼ਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ